# ਸਰੀ
# ਹਾਊਸਿੰਗ ਫਸਟ ਟੀਮ

**ਆਪਸ਼ਨਜ਼ ਕਮਿਉਨਿਟੀ ਸਰਵਿਸਜ਼** ਸਰੀ ਦੇ ਵਸਨੀਕਾਂ ਨੂੰ ਕਈ ਤਰਾਂ ਦੀਆਂ ਸਮਾਜਕ ਸੇਵਾਵਾਂ ਦਿੰਦੀ ਹੈ। ਇਹ ਉਹਨਾਂ ਲੋਕਾਂ ਦੀ ਮੱਦਦ ਕਰਦੀ ਹੈ ਜਿਹੜੇ ਬੇਘਰੇ ਹਨ ਅਤੇ ਮਾਨਸਿਕ ਬਿਮਾਰੀ ਜਾਂ ਨਸ਼ੇ ਤੋਂ ਪੀੜਤ ਹਨ।

**ਆਪਸ਼ਨਜ਼** ਦੇ ਪ੍ਰੋਗਰਾਮ ਨੌਜਵਾਨਾਂ, ਬੱਚਿਆਂ ਵਾਲੇ ਪਰਿਵਾਰਾਂ, ਬਜ਼ੁਰਗਾਂ ਅਤੇ ਅਪਾਹਜ ਲੋਕਾਂ ਦੀ ਸਹਾਇਤਾ ਕਰਦੇ ਹਨ। ਉਹ ਲੋਕਾਂ ਨੂੰ ਭਾਈਚਾਰਕ ਰਿਹਾਇਸ਼ੀ ਪ੍ਰੋਗਰਾਮਾਂ ਨੂੰ ਛੱਡ ਕੇ ਆਤਮ-ਨਿਰਭਰ ਹੋਕੇ ਰਹਿਣ ਵਿੱਚ ਮੱਦਦ ਕਰਦੇ ਹਨ, ਜਿਹਨਾਂ ਵਿੱਚ ਭਾਈਚਾਰੇ ਨਾਲ ਜੁੜਨ, ਆਮਦਨੀ ਖਰਚ ਦਾ ਹਿਸਾਬ ਰੱਖਣ, ਖਾਣਾ ਪਕਾਉਣਾ ਅਤੇ ਪੌਸ਼ਟਿਕ ਖਾਣੇ ਅਤੇ ਨਾਲ ਹੀ ਮਨਪ੍ਰਚਾਵੇ ਅਤੇ ਸਮਾਜ ਵਿੱਚ ਵਿਚਰਨ ਦੀ ਜਾਚ ਸ਼ਾਮਲ ਹਨ। ਉਹਨਾਂ ਦਾ ਸਟਾਫ਼ ਬੇਘਰੇ ਲੋਕਾਂ ਲਈ ਆਵਾਜ਼ ਉਠਾਉਂਦੇ ਹਨ ਅਤੇ ਯਕੀਨੀ ਬਣਾਉਂਦੇ ਹਨ ਕਿ ਰਿਹਾਇਸ਼ ਅਤੇ ਹੋਰ ਸੇਵਾਵਾਂ ਉਹਨਾਂ ਦੀ ਪਹੁੰਚ ਵਿੱਚ ਹੋਣ।

**ਲੁੱਕਆਊਟ ਐਮਰਜੈਂਸੀ ਏਡ ਸੋਸਾਇਟੀ** ਇੱਕ ਗੈਰ-ਮੁਨਾਫਾ ਸੰਸਥਾ ਹੈ ਜਿਹੜੀ ਘੱਟ ਜਾਂ ਬਿਨਾਂ ਆਮਦਨ ਵਾਲੇ ਬਾਲਗ ਵਿਅਕਤੀਆਂ ਲਈ ਰਿਹਾਇਸ਼ ਅਤੇ ਕਈ ਤਰਾਂ ਦੀਆਂ ਸਹਾਇਤਾ ਸੇਵਾਵਾਂ ਦਾ ਪ੍ਰਬੰਧ ਕਰਦੀ ਹੈ।

ਅਸੀਂ ਉਹਨਾਂ ਲੋਕਾਂ ਦੀ ਸੇਵਾ ਕਰਦੇ ਹਾਂ ਜਿਹਨਾਂ ਲਈ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨਾ ਇੱਕ ਚੁਣੌਤੀ ਹੈ ਅਤੇ ਅਸੀਂ ਉਹਨਾਂ ਨੂੰ ਦਰਪੇਸ਼ ਰੁਕਾਵਟਾਂ ਦੂਰ ਕਰਨ ਦਾ ਯਤਨ ਕਰਦੇ ਹਾਂ।

**ਸੋਰਸਿਸ ਕਮਿਉਨਿਟੀ ਰਿਸੋਰਸਜ਼ ਸੈਂਟਰ** ਇੱਕ ਭਾਈਚਾਰੇ ਤੇ ਅਧਾਰਤ ਗੈਰ-ਮੁਨਾਫਾ ਏਜੰਸੀ ਹੈ ਜਿਹੜੀ ਘੱਟ ਜਾਂ ਬਿਨਾਂ ਆਮਦਨ ਵਾਲੇ ਗਰੀਬ ਤੇ ਅਪਾਹਜ ਲੋਕਾਂ ਦੀ ਮੱਦਦ ਕਰਦੀ ਹੈ ਤਾਂ ਜੋ ਉਹ ਆਦਰਸ਼ਕ ਤੌਰ ਤੇ ਤੰਦਰੁਸਤ ਰਹਿ ਸਕਣ। ਅਸੀਂ ਉਹਨਾਂ ਨੂੰ ਲਾਹੇਵੰਦ ਬਦਲ ਅਤੇ ਵਸੀਲੇ ਦੱਸਦੇ ਹਾਂ, ਸਿਸਟਮ ਦੀ ਗੁੰਝਲਾਂ ਨਾਲ ਨਿਪਟਣਾ ਸਿਖਾਉਂਦੇ ਹਾਂ ਅਤੇ ਲੋਕਾਂ ਨੂੰ ਆਪਣੇ ਕਾਨੂੰਨੀ ਅਤੇ ਵਿੱਤੀ ਹੱਕਾਂ ਤੇ ਜ਼ਿੰਮੇਵਾਰੀਆਂ ਨੂੰ ਸਮਝਣ ‘ਚ ਮੱਦਦ ਕਰਦੇ ਹਾਂ।

**ਸੋਰਸਜ਼** ਢੁੱਕਵੀਂ ਸਥਾਈ ਰਿਹਾਇਸ਼ ਲੱਭਣ ਵਿੱਚ ਵੀ ਲੋਕਾਂ ਦੀ ਸਹਾਇਤਾ ਕਰਦੀ ਹੈ ਅਤੇ ਉਹਨਾਂ ਨੂੰ ਕਿਰਾਏਦਾਰ ਦੇ ਤੌਰ ਤੇ ਟਿਕੇ ਰਹਿਣ ਲਈ ਸਰਬਪੱਖੀ ਸੇਵਾਵਾਂ ਦਿੰਦੀ ਹੈ।

**ਦ ਐਲਿਜ਼ਾਬੈੱਥ ਫਰਾਈ ਸੋਸਾਇਟੀ ਆਫ ਗਰੇਟਰ ਵੈਨਕੂਵਰ** ਉਹਨਾਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਸੇਵਾਵਾਂ ਦਿੰਦੀ ਹੈ ਜਿਹਨਾਂ ਦੇ ਨਿਆਂ ਪ੍ਰਣਾਲੀ ਨਾਲ ਵਾਹ ਪੈਣ ਦਾ ਖਤਰਾ ਹੈ ਜਾਂ ਇਸ ਵਿੱਚ ਪੈ ਚੁੱਕੇ ਜਾਂ ਇਸਤੋਂ ਪ੍ਰਭਾਵਿਤ ਹੋਏ ਹਨ।ਅਸੀਂ ਗਰੀਬੀ, ਨਸ਼ੇ ਦੀ ਆਦਤ, ਮਾਨਸਿਕ ਬਿਮਾਰੀ, ਬੇਘਰੇ ਹੋਣ ਦੀ ਸਮੱਸਿਆ ਅਤੇ ਜੁਰਮ ਦੇ ਚੱਕਰ ਨੂੰ ਤੋੜਨ ਲਈ ਪ੍ਰੋਗਰਾਮ ਅਤੇ ਸੇਵਾਵਾਂ ਦਿੰਦੇ ਹਾਂ।

ਸਾਡਾ ਮੰਨਣਾ ਹੈ ਕਿ ਹਰ ਜ਼ਿੰਦਗੀ ਕੀਮਤੀ ਹੈ, ਸਾਰੇ ਲੋਕ ਇੱਜ਼ਤ ‘ਤੇ ਸਨਮਾਨ ਦੇ ਹੱਕਦਾਰ ਹਨ ਅਤੇ ਹਰੇਕ ਨੂੰ ਸਮਾਜ ਨਾਲ ਜੁੜੇ ਰਹਿਣ ਦਾ ਹੱਕ ਹੈ।



# ਸਰੀ ਹਾਊਸਿੰਗ ਫਸਟ ਲੈਂਡਲਾਰਡ ਇਨਗੇਜਮੈਂਟ ਪ੍ਰੋਜੈਕਟ



## ਪੱਕੀ ਰਿਹਾਇਸ਼

## ਲਈ ਕਿਸੇ ਦਾ

## ਹੱਥ ਫੜਨਾ

# ਮਕਾਨ ਮਾਲਕ:
# ਸਫਲਤਾ ਦੀ ਕੁੰਜੀ

ਸਰੀ ਹਾਊਸਿੰਗ ਫਸਟ ਲੈਂਡਲਾਰਡ ਇਨਗੇਜਮੈਂਟ ਪ੍ਰੋਜੈਕਟ ਕਈ ਏਜੰਸੀਆਂ ਦਾ ਇੱਕ ਸਮੂਹ ਹੈ ਜਿਹੜੇ ਮਿਲਕੇ ਲੋਕਾਂ ਅਤੇ ਪਰਿਵਾਰਾਂ ਦੀ ਮੱਦਦ ਕਰਦੇ ਹਨ ਤਾਂ ਜੋ ਉਹ ਮਾਰਕੀਟ ਵਿੱਚ ਉਪਲੱਬਧ ਕਿਰਾਏ ਦੀ ਪੱਕੀ ਰਿਹਾਇਸ਼ ਵਿੱਚ ਜਾ ਸਕਣ।



ਇਸ ਟੁੰਭਵੇਂ ਪ੍ਰੋਜੈਕਟ ਦਾ ਹਿੱਸਾ ਬਣਨ ਲਈ ਸਾਨੂੰ ਅਜੇਹੇ ਮਕਾਨ ਮਾਲਕਾਂ ਦੀ ਭਾਲ ਹੈ ਜਿਹੜੇ ਭਾਈਚਾਰਕ ਭਾਵਨਾ ਰੱਖਦੇ ਹੋਣ; ਪ੍ਰੋਜਕਟ ਤਹਿਤ ਕਮਿਉਨਿਟੀ ਏਜੰਸੀਆਂ ਦੀ ਮੱਦਦ ਵਾਲੇ ਕਲਾਇੰਟਾਂ ਨੂੰ ਤੁਹਾਡੇ ਖਾਲੀ ਪਏ ਕਿਰਾਏ ਦੇ ਮਕਾਨਾਂ ਵਿੱਚ ਰਿਹਾਇਸ਼ ਮਿਲੇਗੀ।

ਸਰੀ ਹਾਊਸਿੰਗ ਫਸਟ ਨੂੰ ਲੈਂਡਲਾਰਡ ਬੀ ਸੀ ਦੀ ਸਹਾਇਤਾ ਪ੍ਰਾਪਤ ਹੋਣ ਦਾ ਮਾਣ ਹੈ-ਇਹ ਕਿਰਾਏ ਦੀਆਂ ਰਿਹਾਇਸ਼ਾਂ ਦੇ ਮਾਲਕਾਂ ਅਤੇ ਮੈਨੇਜਰਾਂ ਲਈ ਬੀ ਸੀ ਦਾ ਚੋਟੀ ਦਾ ਸਰੋਤ ਹੈ।ਇਸ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਕਿ ਤੁਹਾਡੀ ਕਿਰਾਏ ਦੀ ਜਾਇਦਾਦ ਦੇ ਕਾਰੋਬਾਰ ਵਿੱਚ ਲੈਂਡਲਾਰਡ ਬੀ ਸੀ ਤੁਹਾਡੀ ਕਿਵੇਂ ਮੱਦਦ ਕਰ ਸਕਦੀ ਹੈ, ਕ੍ਰਿਪਾ ਕਰਕੇ www.landlordbc.ca ਤੇ ਜਾਵੋ।

# ਇਸਦੇ ਵਿੱਚ ਤੁਹਾਡੇ ਲਈ ਮਕਾਨ ਮਾਲਕ ਦੇ ਤੌਰ ਤੇ ਕੀ ਕੁੱਝ ਹੈ?

- ਰਿਹਾਇਸ਼ ਲਈ ਤਿਆਰ ਕਿਰਾਏਦਾਰਾਂ ਦੀ ਸੂਚੀ ਵਿੱਚੋਂ ਤੇਜ਼ੀ ਨਾਲ ਖਾਲੀ ਥਾਵਾਂ ਭਰਨੀਆਂ
- ਤੁਸੀਂ ਪੂਲ ਵਿੱਚੋਂ ਆਪਣੇ ਕਿਰਾਏਦਾਰ ਚੁਣਦੇ ਹੋ ਅਤੇ ਅਸੀਂ ਤੁਹਾਡੇ ਯੂਨਿਟਾਂ ਦੀ ਸੁਰੱਖਿਆ ਲਈ ਪ੍ਰੋਗਰਾਮਾਂ ਦੀ ਮੱਦਦ ਦਿੰਦੇ ਹਾਂ
- ਕਿਰਾਏਦਾਰਾਂ ਨੂੰ ਹਾਊਸਿੰਗ ਫਸਟ ਦੇ ਸਾਡੇ ਜਾਣਕਾਰ ਅਤੇ ਤਜਰਬੇਕਾਰ ਮਾਹਿਰਾਂ ਦੀ ਮੱਦਦ ਮਿਲਦੀ ਹੈ, ਜਿਸ ਨਾਲ ਮਕਾਨ ਖਾਲੀ ਕਰਾਉਣ ਲਈ ਜ਼ਿਆਦਾ ਸਮੇਂ ਅਤੇ ਪੈਸੇ ਦਾ ਖਤਰਾ ਘੱਟਦਾ ਹੈ
- ਕਿਰਾਏਦਾਰਾਂ ਨੂੰ ਮਾਲੀ ਸਹਾਇਤਾ ਮਿਲਦੀ ਹੈ, ਜਿਸ ਕਰਕੇ ਤੁਹਾਨੂੰ ਹਰ ਮਹੀਨੇ ਸਮੇਂ ਸਿਰ ਤੁਹਾਡਾ ਕਿਰਾਇਆ ਮਿਲ
- ਤੁਹਾਡੇ ਮਨ ਵਿੱਚ ਇਹ ਜਾਣ ਕੇ ਚੰਗੀ ਭਾਵਨਾ ਪੈਦਾ ਹੁੰਦੀ ਹੈ ਕਿ ਤੁਸੀਂ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਸਥਾਈ ਅਤੇ ਸਸਤੀ ਕਿਰਾਏ ਦੀ ਰਿਹਾਇਸ਼ ਲੱਭਣ ਵਿੱਚ ਮੱਦਦ ਕਰ ਰਹੇ ਹੋ

# ਕੀ ਤੁਹਾਡੇ ਕੋਲ ਕਿਰਾਏ ਤੇ ਦੇਣ ਲਈ ਰਿਹਾਇਸ਼ ਹੈ?



# ਸਾਨੂੰ ਅੱਜ ਹੀ ਫੋਨ ਕਰੋ!

# ਸਰੀ ਹਾਊਸਿੰਗ ਫਸਟ ਦੇ ਮਾਹਿਰ ਹਰ ਕਦਮ ‘ਤੇ ਤੁਹਾਡੇ ਅਤੇ ਤੁਹਾਡੇ ਕਿਰਾਏਦਾਰਾਂ ਦੇ ਨਾਲ ਹਨ......

ਅਸੀਂ ਤੁਹਾਡੇ ਨਾਲ ਲੰਬੇ ਸਮੇਂ ਦੀ ਸਾਂਝ ਕਾਇਮ ਕਰਨ ਦੇ ਇਛੱਕ ਹਾਂ ਅਤੇ ਚਾਹੁੰਦੇ ਹਾਂ ਕਿ ਤੁਹਾਨੂੰ ਇਹ ਯਕੀਨ ਹੋਵੇ ਕਿ ਤੁਹਾਡੇ ਬਿਹਤਰੀਨ ਹਿੱਤ ਸਾਡੇ ਧਿਆਨ ਵਿੱਚ ਹਨ। ਅਸੀਂ ਤੁਹਾਡੇ ਬਣਨ ਵਾਲੇ ਕਿਰਾਏਦਾਰਾਂ ਨੂੰ ਪਹਿਲਾਂ ਹੀ ਤਿਆਰ ਕਰਦੇ ਹਾਂ ਤਾਂ ਜੋ ਤੁਸੀਂ ਪੂਰੇ ਭਰੋਸੇ ਨਾਲ ਉਹਨਾਂ ਨੂੰ ਕਿਰਾਏ ਤੇ ਰੱਖ ਸਕੋ। ਫਿਰ ਵੀ, ਜੇਕਰ ਕੋਈ ਸਮੱਸਿਆ ਪੈਦਾ ਹੋ ਜਾਵੇ ਤਾਂ ਤੁਸੀਂ ਸਰੀ ਹਾਊਸਿੰਗ ਫਸਟ ਦੇ ਮਾਹਿਰਾਂ ਨੂੰ ਫੋਨ ਕਰ ਸਕਦੇ ਹੋ। ਅਸੀਂ ਕਿਰਾਏਦਾਰੀ ਨਾਲ ਸੰਬੰਧਤ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਸੁਲਝਾਉਣ ਲਈ ਤਤਪਰ ਹਾਂ, ਜਿਸ ਕਰਕੇ ਤੁਹਾਨੂੰ ਇਹਨਾਂ ਨਾਲ ਨਿਪਟਣਾ ਨਹੀਂ ਪਵੇਗਾ।

ਕਿਰਾਏਦਾਰਾਂ ਨੂੰ ਪਹਿਲਾਂ ਤੋਂ ਹੀ ਉਹਨਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਸਿਖਲਾਈ ਦੇਣੀ

ਕਿਰਾਏਦਾਰਾਂ ਨਾਲ ਸਮੇਂ ਸਮੇਂ ਮਿਲਣਾ ਤਾਂ ਜੋ ਇਹ ਪਤਾ ਲੱਗ ਸਕੇ ਕਿ ਉਹ ਠੀਕ ਠਾਕ ਹਨ

ਤੁਹਾਡੇ ਨਾਲ, ਮਕਾਨ ਮਾਲਕ ਦੇ ਤੌਰ ਤੇ, ਨੇਮ ਨਾਲ ਸੰਪਰਕ ਅਤੇ ਗੱਲਬਾਤ ਤਾਂ ਜੋ ਇਹ ਯਕੀਨੀ ਬਣ ਸਕੇ ਕਿ ਤੁਹਾਨੂੰ ਕੋਈ ਚੁਣੌਤੀਆਂ ਤਾਂ ਨਹੀਂ ਹਨ।

**ਸੰਪਰਕ:**

ਬਿਜ਼ਨਸ ਕਾਰਡ ਇੱਥੇ ਲਗਾਓ